## ਯੂ. ਐੱਸ. ਸਮਾਨ ਰੁਜ਼ਗਾਰ ਅਵਸਰ ਕਮਿਸ਼ਨ

# ਵਿਤਕਰਾ ਖਤਮ ਕਰਨਾ ਚੰਗਾ ਕਾਰਜ ਹੈ

OPEN for Business

**ਵਿਤਕਰਾ ਖਤਮ ਕਰਨਾ ਚੰਗੀ ਵਪਾਰਕ ਸੋਚ ਤਿਆਰ ਕਰਦਾ ਹੈ।** ਕਾਨੂੰਨ ਦੀ ਪਾਲਣਾ ਕਰਨ ਨਾਲ ਕਰਮਚਾਰੀ ਉਤਪਾਦਕਤਾ,ਸਿਮਰਤੀ ਅਤੇ ਹੌਸਲੇ ਨੂੰ ਵਧਾ ਸਕਦੀ ਹੈ ਅਤੇ ਕਾਨੂੰਨੀ ਖਰਚਿਆਂ ਨੂੰ ਘਟਾ ਸਕਦੀ ਹੈ। ਤੁਸੀਂ ਅਪੰਗ ਵਿਅਕਤੀਆਂ ਨੂੰ ਕੰਮ ਤੇ ਲਗਾਉਣ ਲਈ ਜਾਂ ਅਪੰਗ ਵਿਅਕਤੀਆਂ ਤੱਕ ਆਪਣੇਕਾਰੋਬਾਰ ਨੂੰ ਪਹੁੰਚਾਉਣ ਬਦਲੇ ਕਰ ਲਾਭ ਵੀ ਪ੍ਰਾਪਤ ਕਰ ਸਕਦੇ ਹੋ! ਵਧੇਰੇ ਜਾਣਕਾਰੀ ਲਈ http://www.eeoc.gov/eeoc/publications/adahandbook.cfm#appendixa ਨੂੰ ਵੇਖੋ।

***EEOC ਛੋਟੇ ਕਾਰੋਬਾਰ ਮਾਲਕਾਂ ਦੀ ਮਦਦ ਕਰ ਸਕਦੀ ਹੈ!*** EEOC ਫੈਡਰਲ ਸਰਕਾਰ ਦੀ ਇੱਕ ਏਜੰਸੀ ਹੈ ਜੋ ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਅਯੋਗਤਾ, ਉਮਰ, ਅਤੇ ਅਨੁਵੰਸ਼ਕੀ ਜਾਣਕਾਰੀ ਦੇ ਆਧਾਰ ਤੇ ਹੁੰਦੇ ਰੁਜ਼ਗਾਰ ਵਿਤਕਰੇ ਵਿਰੁੱਧ ਫੈਡਰਲ ਕਾਨੂੰਨਾਂ ਨੂੰ ਲਾਗੂ ਕਰਦੀ ਹੈ। ਇਹ ਕਾਨੂੰਨ ਵਿਤਕਰੇ ਦੀ ਜਾਣਕਾਰੀ ਦੀ ਰਿਪੋਰਟ ਕਰਨ ਜਾਂ ਵਿਰੋਧ ਕਰਨ ਲਈ ਹੁੰਦੀ ਸਜ਼ਾ ਨੂੰ ਵੀ ਵਿਤਕਰੇ ਦੀ ਜਾਂਚ ਜਾਂ ਕਾਨੂੰਨੀ ਮੁਕੱਦਮੇ ਵਿੱਚ ਰੋਕਦੇ ਹਨ।

### ਤੁਹਾਡੀਆਂ ਜ਼ਿੰਮੇਵਾਰੀਆਂ

- **ਸੁਨਿਸ਼ਚਿਤ ਕਰੋ ਕਿ ਰੁਜ਼ਗਾਰ ਫੈਸਲੇ ਨਸਲ,** ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਅਪੰਗਤਾ, ਉਮਰ, ਜਾਂ ਅਨੁਵੰਸ਼ਕੀ ਜਾਣਕਾਰੀ ਤੇ ਆਧਾਰਿਤ ਨਾ ਹੋਣ।
- **ਸੁਨਿਸ਼ਚਿਤ ਕਰੋ ਕਿ ਕਾਰਜ ਨੀਤੀਆਂ ਅਤੇ ਅਭਿਆਸ** ਨੌਕਰੀ ਨਾਲ ਸੰਬੰਧਿਤ ਹਨ ਅਤੇ ਕਿਸੇ ਖਾਸ ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ ਮੂਲ, ਅਪੰਗਤਾ, ਉਮਰ, ਦੇ ਲੋਕਾਂ ਨੂੰ ਅਸੰਗਤ(ਅਨੁਪਾਤਹੀਣ) ਢੰਗ ਨਾਲ ਬਾਹਰ ਨਾ ਰੱਖਦੇ ਹੋਣ।
- **ਸੁਨਿਸ਼ਚਿਤ ਕਰੋ ਕਿ ਨਸਲ, ਰੰਗ, ਧਰਮ, ਲਿੰਗ, ਰਾਸ਼ਟਰੀ** ਮੂਲ, ਅਪੰਗਤਾ, ਉਮਰ, ਜਾਂ ਅਨੁਵੰਸ਼ਿਕ ਜਾਣਕਾਰੀ ਦੇ ਆਧਾਰ ਤੇ ਕਰਮਚਾਰੀਆਂ ਨੂੰ ਸਤਾਇਆ ਨਾ ਜਾਂਦਾ ਹੋਵੇ।
- **ਮਰਦ ਅਤੇ ਔਰਤ ਕਰਮਚਾਰੀਆਂ ਨੂੰ ਬਰਾਬਰ ਤਨਖਾਹ ਪ੍ਰਦਾਨ ਕਰੋ ਜੋ ਬਰਾਬਰ ਕੰਮ ਕਰਦੇ ਹੋਣ,** ਜਿੰਨੀ ਦੇਰ ਤੱਕ ਤੁਸੀਂ ਕਾਨੂੰਨ ਅਧੀਨ ਤਨਖਾਹ ਦੇ ਅੰਤਰ ਨੂੰ ਸਹੀ ਨਹੀਂ ਠਹਿਰਾਉਂਦੇ।
- **ਵਿਤਕਰੇ ਸੰਬੰਧੀ ਸ਼ਿਕਾਇਤਾਂ ਨੂੰ ਫੌਰਨ ਅਤੇ ਉਚਿਤ ਰੂਪ ਵਿੱਚ ਹੁੰਗਾਰਾ ਦਿਓ।** ਉਤਪੀੜਨ ਅਤੇ ਵਿਤਕਰੇ ਨੂੰ ਬੰਦ ਕਰੋ, ਨਜਿੱਠੋ ਅਤੇ ਰੋਕੋ। ਸੁਨਿਸ਼ਚਿਤ ਕਰੋ ਕਿ ਕਰਮਚਾਰੀਆਂ ਨੂੰ ਸ਼ਿਕਾਇਤ ਕਰਨ ਬਦਲੇ ਸਜ਼ਾ ਨਾ ਮਿਲਦੀ ਹੋਵੇ।
- **ਉਚਿਤ ਸਹੂਲਤਾਂ ਪ੍ਰਦਾਨ ਕਰੋ** (ਉਹਨਾਂ ਤਰੀਕਿਆਂ ਨੂੰ ਬਦਲੋ ਜਿਨ੍ਹਾਂ ਅਨੁਸਾਰ ਕੰਮ ਵਾਲੀ ਥਾਂ ਤੇ ਆਮ ਤੌਰ ਤੇ ਕੰਮ ਹੁੰਦਾ ਹੈ ਜਿਵੇਂ ਕਿ ਇੱਕ ਸਮਾਂ-ਬੱਧ ਤਬਦੀਲੀ ਨੂੰ ਆਗਿਆ ਦੇਣੀ ਤਾਂ ਕਿ ਇੱਕ ਕਰਮਚਾਰੀ ਡਾਕਟਰ ਨਾਲ ਮੁਲਾਕਾਤ ਕਰ ਸਕੇ ਜਾਂ ਇੱਕ ਧਾਰਮਿਕ ਛੁੱਟੀ ਕਰ ਸਕੇ) **ਬਿਨੇਕਾਰਾਂ ਨੂੰ ਅਤੇ ਕਰਮਚਾਰੀਆਂ ਨੂੰ ਜਿਨ੍ਹਾਂ ਨੂੰ ਡਾਕਟਰੀ ਜਾਂ ਧਾਰਮਿਕ ਕਾਰਨਾਂ ਕਰਕੇ ਇਹਨਾਂ ਦੀ ਲੋੜ ਹੋਵੇ,** ਜੇਕਰ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ।
- **ਇੱਕ ਪੋਸਟਰ ਪ੍ਰਦਰਸ਼ਿਤ** ਕਰੋ ਜੋ ਕਿ ਫੈਡਰਲ ਰੁਜ਼ਗਾਰ ਵਿਤਕਰਾ ਕਾਨੂਨਾਂ ਬਾਰੇ ਦੱਸਦਾ ਹੋਵੇ। (http://www1.eeoc.gov/employers/poster.cfm ਤੋਂ ਇੱਕ ਨੂੰ ਮੁਫਤ ਵਿੱਚ ਡਾਊਨਲੋਡ ਕਰੋ)।
- **ਰੁਜ਼ਗਾਰ ਰਿਕਾਰਡ ਸੰਭਾਲ ਕੇ ਰੱਖੋ** (ਜਿਵੇਂ ਕਿ ਬੇਨਤੀਆਂ ਜਾਂ ਵਿਅਕਤੀਗਤ ਰਿਕਾਰਡ) ਜਿਵੇਂ ਕਾਨੂੰਨ ਅਨੁਸਾਰ ਲੋੜੀਂਦਾ ਹੋਵੇ।

ਫੈਡਰਲ, ਪ੍ਰਾਂਤਕ ਜਾਂ ਸਥਾਨਕ ਕਾਨੂੰਨਾਂ ਅਨੁਸਾਰ ਤੁਹਾਡੇ ਕੋਲ ਵੱਖਰੀਆਂ ਜ਼ਿੰਮੇਵਾਰੀਆਂ ਹੋ ਸਕਦੀਆਂ ਹਨ।

### ਅਸੀਂ ਕਿਵੇਂ ਮਦਦ ਕਰ ਸਕਦੇ ਹਾਂ

- ਅਸੀਂ ਆਪਣੇ ਵੱਲੋਂ ਲਾਗੂ ਕੀਤੇ ਜਾਂਦੇ ਕਾਨੂੰਨਾਂ **ਬਾਰੇ ਤੁਹਾਡੇ ਪ੍ਰਸ਼ਨਾਂ ਦੇ ਉੱਤਰ** ਦੇ ਸਕਦੇ ਹਾਂ।
- **ਅਸੀਂ ਸੁਝਾਅ ਦੇ** ਸਕਦੇ ਹਾਂ ਤਾਂ ਕਿ ਉਤਪੀੜਨ, ਸਜ਼ਾ, ਅਤੇ ਗੈਰ-ਕਾਨੂੰਨੀ ਵਿਤਕਰੇ ਦੀਆਂ ਹੋਰ ਕਿਸਮਾਂ ਨੂੰ ਰੋਕਣ ਵਿੱਚ ਤੁਹਾਡੀ ਮਦਦ ਕੀਤੀ ਜਾ ਸਕੇ।
- ਕਾਰਜਸਥਾਨ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ **ਸੰਬੰਧੀ ਅਸੀਂ ਤੁਹਾਨੂੰ ਅਤੇ ਤੁਹਾਡੇ ਕਰਮਚਾਰੀਆਂ ਨੂੰ ਸਿਖਲਾਈ ਦੇ ਸਕਦੇ ਹਾਂ।**
- **ਅਸੀਂ EEOC ਵਿਤਕਰਿਆਂ ਦੇ ਇਲਜ਼ਾਮਾਂ (ਸ਼ਿਕਾਇਤਾਂ) ਨੂੰ ਵਿਚੋਲਗੀ ਰਾਹੀਂ ਹੱਲ ਕਰਨ ਵਿੱਚ** ਤੁਹਾਡੀ ਮਦਦ ਕਰ ਸਕਦੇ ਹਾਂ। EEOC ਵਿਚੋਲਗੀ ਉਹਨਾਂ ਝਗੜਿਆਂ ਦੇ ਨਿਪਟਾਰੇ ਲਈ ਮੁਫਤ, ਜਾਣਕਾਰੀਦਾਇਕ, ਗੁਪਤ ਪ੍ਰਕਿਰਿਆ ਹੈ ਜੋ ਤੁਹਾਡਾ ਸਮਾਂ ਅਤੇ ਧਨ ਬਚਾ ਸਕਦੀ ਹੈ।

### ਸਾਨੂੰ ਸੰਪਰਕ ਕਰੋ!

**EEOC ਸਟਾਫ ਦੇਸ਼ ਭਰ ਵਿੱਚ ਤੁਹਾਡੀ ਮਦਦ ਕਰਨ ਲਈ ਉਪਲੱਬਦ ਹੈ। ਇੰਤਜ਼ਾਰ ਨਾ ਕਰੋ; ਸਾਨੂੰ ਅੱਜ ਹੀ ਸੰਪਰਕ ਕਰੋ!**
ਜੇਕਰ ਲੋੜੀਂਦਾ ਹੋਵੇ, ਮੁਫਤ ਭਾਸ਼ਾ ਸਹਾਇਤਾ ਉਪਲੱਬਧ ਹੈ।

- ***EEOC ਜਾਣਕਾਰੀ ਜਾਂ ਸਿਖਲਾਈ ਦੀ ਲੋੜ ਹੈ?***
ਆਪਣੇ ਸਥਾਨਕ EEOC ਛੋਟੇ ਕਾਰੋਬਾਰ ਲਾਏਸਨ ਨੂੰ ਸੰਪਰਕ ਕਰੋ (http://www.eeoc.gov/employers/contacts.cfm) ਜਾਂ 1-800-669-4000 (TTY: 1-800-669-6820) ਤੇ ਸਾਨੂੰ ਸੰਪਰਕ ਕਰੋ।
- ***ਜੋ ਕਾਨੂੰਨ ਅਸੀਂ ਲਾਗੂ ਕਰਦੇ ਹਾਂ ਸੰਬੰਧੀ ਤੁਹਾਨੂੰ ਜਾਣਕਾਰੀ ਚਾਹੀਦੀ ਹੈ?***
(202) 663-4691 ਤੇ ਸਾਨੂੰ ਸੰਪਰਕ ਕਰੋ ਜਾਂ olc@eeoc.gov ਤੇ ਸਾਨੂੰ ਈਮੇਲ ਕਰੋ।
- ***ਕੀ ਤੁਹਾਡੇ ਕਾਰੋਬਾਰ ਸੰਬੰਧੀ ਇੱਕ EEOC ਇਲਜ਼ਾਮ ਬਾਰੇ ਕੋਈ ਪ੍ਰਸ਼ਨ ਹਨ?***
ਤੁਹਾਡੇ EEOC ਇਲਜ਼ਾਮ ਸੰਬੰਧੀ ਲਗਾਏ ਇੱਕ ਨਿਰੀਖਿਅਕ ਨਾਲ ਸੰਪਰਕ ਕਰੋ।

ਅਸੀਂ ਤੁਹਾਡੇ ਪਾਸੋਂ ਹੁੰਗਾਰੇ ਦਾ ਇੰਤਜ਼ਾਰ ਕਰਦੇ ਹਾਂ!

ਵਧੇਰੇ ਜਾਣਕਾਰੀ ਲਈ, ਆਪਣੇ ਸਥਾਨਕ EEOC ਛੋਟੇਕਾਰੋਬਾਰ ਲਾਏਸਨ ਨੂੰ ਸੰਪਰਕ ਕਰੋ (http://www.eeoc.gov/employers/contacts.cfm)।